ਪੰਜਾਬ ਸਰਕਾਰ
ਸਹਿਕਾਰਤਾ ਵਿਭਾਗ
(ਸਹਿਕਾਰਤਾ-2 ਸਾਖਾ)

## ਨੋਟੀਫਿਕੇਸਨ

ਨੰ. 70/102/2016-ਸੀ2(1)/ ਚੰਡੀਗੜ੍ਹ, ਮਿਤੀ

ਇਹ ਹੈ ਕਿ ਸ੍ਰੀ ਲੋਕੇਸ ਭਾਰਦਵਾਜ ਨਰੀਖਕ ਸਹਿਕਾਰੀ ਸਭਾਵਾ (ਹੁਣ ਗੈਰ ਹਾਜ਼ਰ) ਨੂੰ ਉਚ ਅਧਿਕਾਰੀਆ ਦੇ ਹੁਕਮਾਂ ਦੀ ਪਾਲਣਾ ਨਾ ਕਰਕੇ ਅਨੁਸਾਸਨਹ ਭੰਗ ਕਰਨਾ, ਡਿਊਟੀ ਵਿਚ ਅਣਗਹਿਲੀ ਵਰਤਣਾ ਅਤੇ ਬਿਨਾ ਛੁੱਟੀ ਮੰਨਜੂਰ ਕਰਾਏ ਗੈਰ ਹਾਜਰ ਰਹਿਣ ਕਾਰਣ ਇਸ ਵਿਭਾਗ ਦੇ ਮੀਮੋ ਨੰ. 70/102/2016-ਸੀ2(1)/115869/1-2 ਮਿਤੀ 5.2.2018 ਰਾਹੀਂ ਪੰਜਾਬ ਸਿਵਲ ਸੇਵਾਂਵਾਂ (ਸਜਾ ਅਤੇ ਅਪੀਲ) ਰੂਲਜ 1970 ਦੇ ਰੂਲ 8 ਤਹਿਤ ਚਾਰਜਸੀਟ ਜਾਰੀ ਕਰਕੇ ਉਤਰ 21 ਦਿਨਾਂ ਦੇ ਅੰਦਰ ਅੰਦਰ ਲਿਖਤੀ ਰੂਪ ਵਿੱਚ ਭੇਜਣ ਲਈ ਲਿਖਿਆ ਗਿਆ ਸੀ। ਕਰਮਚਾਰੀ ਵੱਲੋਂ ਦੋਸ਼ ਸੂਚੀ ਦਾ ਕੋਈ ਉਤਰ ਨਹੀਂ ਦਿੱਤਾ ਗਿਆ। ਇਸ ਲਈ ਮਾਮਲੇ ਦੀ ਸਚਾਈ ਜਾਨਣ ਲਈ ਰੈਗੂਲਰ ਪੜਤਾਲ ਕਰਵਾਉਣ ਲਈ ਪੱਤਰ ਮਿਤੀ 25.4.2018 ਰਾਹੀਂ ਸ੍ਰੀ ਆਰ.ਸੀ.ਨਈਅਰ, ਆਈ.ਏ.ਐਸ( ਰਿਟਾ) ਨੂੰ ਪੜਤਾਲੀਆਂ ਅਫਸਰ ਨਿਯੁਕਤ ਕੀਤਾ ਗਿਆ ਸੀ। ਪੜਤਾਲੀਆਂ ਅਫਸਰ ਵੱਲੋਂ ਕਰਮਚਾਰੀ ਵਿਰੁੱਧ ਦੋਸ਼ ਸੂਚੀ ਵਿੱਚ ਲਗਾਏ ਗਏ ਦੋਸ਼ਾਂ ਨੂੰ ਸਾਬਤ ਕੀਤਾ ਸੀ।ਇਸ ਲਈ ਸ੍ਰੀ ਲੋਕੇਸ ਭਾਰਦਵਾਜ ਨਰੀਖਕ ਸਹਿਕਾਰੀ ਸਭਾਵਾ ਨੂੰ ਪੜਤਾਲ ਰਿਪੋਰਟ ਦੀ ਕਾਪੀ ਭੇਜ ਕੇ ਆਪਣਾ ਸਫਾਈ ਪੱਖ ਪੇਸ਼ ਕਰਨ ਦਾ ਮੌਕਾ ਦਿਤਾ ਗਿਆ ਸੀ। ਪਰ ਕਰਮਚਾਰੀ ਵੱਲੋਂ ਪੜਤਾਲ ਰਿਪੋਰਟ ਸਬੰਧੀ ਕੋਈ ਉਤਰ ਨਹੀਂ ਦਿਤਾ ਗਿਆ। ਇਸ ਉਪਰੰਤ ਰਜਿਸਟਰਾਰ ਸਹਿਕਾਰੀ ਸਭਾਵਾ, ਪੰਜਾਬ ਚੰਡੀਗੜ੍ਹ ਵੱਲੋ ਟ੍ਰਿਬਿਊਨ/ ਪੰਜਾਬੀ ਅਜੀਤ ਅਖਬਾਰ ਮਿਤੀ 18.5.2018 ਵਿੱਚ ਪਬਲਿਕ ਨੋਟਿਸ ਛਪਵਾਇਆ ਗਿਆ ਕਿ ਉਹ ਨੋਟਿਸ ਛਪੱਣ ਤੋਂ 21 ਦਿਨਾਂ ਦੇ ਅੰਦਰ ਅੰਦਰ ਪੜਤਾਲ ਵਿੱਚ ਸਾਮਲ ਹੋ ਕੇ ਆਪਣਾ ਪੱਖ ਪੇਸ਼ ਕਰੋ। ਪਰੰਤੂ ਇਸ ਸਬੰਧੀ ਉਸ ਵੱਲੋਂ ਕੋਈ ਰਿਸਪਾਂਸ ਨਹੀਂ ਦਿੱਤਾ ਗਿਆ।

2. ਇਸ ਤਰ੍ਹਾਂ ਪੜਤਾਲ ਰਿਪੋਰਟ ਅਨੁਸਾਰ ਉਸ ਵਿਰੁੱਧ ਉਚ ਅਧਿਕਾਰੀਆ ਦੇ ਹੁਕਮਾਂ ਦੀ ਪਾਲਣਾ ਨਾ ਕਰਕੇ ਅਨੁਸਾਸਨ ਭੰਗ ਕਰਨਾ, ਡਿਊਟੀ ਵਿਚ ਅਣਗਹਿਲੀ ਵਰਤਣਾ ਅਤੇ ਬਿਨਾ ਛੁੱਟੀ ਮੰਨਜੂਰ ਕਰਾਏ ਗੈਰ ਹਾਜਰ ਰਹਿਣਾ ਦੇ ਦੋਸ਼ ਸਿੱਧ ਹੋਣ ਕਰਕੇ ਸਮਰੱਥ ਅਧਿਕਾਰੀ ਵੱਲੋਂ ਸ੍ਰੀ ਲੋਕੇਸ ਭਾਰਦਵਾਜ ਨਰੀਖਕ ਸਹਿਕਾਰੀ ਸਭਾਵਾ ਨੂੰ ਸੇਵਾ ਤੋਂ ਡਿਸਮਿਸ ਕਰਨ ਦੀ ਸਜਾ ਦਾ ਫੈਸਲਾ ਲੈਣ ਉਪਰੰਤ ਇਸ ਸਬੰਧੀ ਸਹਿਕਾਰਤਾ ਮੰਤਰੀ ਜੀ ਦੀ ਪ੍ਰਵਾਨਗੀ ਪ੍ਰਾਪਤ ਕਰਕੇ ਇਸ ਵਿਭਾਗ ਦੇ ਪੱਤਰ ਮਿਤੀ

21.06.2019 ਰਾਹੀ ਕਰਮਚਾਰੀ ਨੂੰ ਦਿੱਤੀ ਉਕਤ ਸਜਾ ਦੀ ਪ੍ਰਵਾਨਗੀ ਲੈਣ ਲਈ ਤਜਵੀਜ ਸਕੱਤਰ ਪੰਜਾਬ ਲੋਕ ਸੇਵਾ ਕਮਿਸਨ, ਪਟਿਆਲਾ ਨੂੰ ਭੇਜੀ ਗਈ ਸੀ।

3. ਪੰਜਾਬ ਲੋਕ ਸੇਵਾ ਕਮਿਸਨ ਪਟਿਆਲਾ ਵੱਲੋ ਆਪਣੇ ਪੱਤਰ ਨੰ. ਡਿਸ72/2019/ਅ-742894, ਮਿਤੀ 09.09.2019 ਰਾਹੀ ਸ੍ਰੀ ਲੋਕੇਸ ਭਾਰਦਵਾਜ ਨਰੀਖਕ ਸਹਿਕਾਰੀ ਸਭਾਵਾ ( ਹੁਣ ਗੈਰ ਹਾਜਰ) ਨੂੰ ਸੇਵਾ ਤੋ ਡਿਸਮਿਸ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ। ਇਸ ਲਈ ਸ੍ਰੀ ਲੋਕੇਸ ਭਾਰਦਵਾਜ ਨਰੀਖਕ ਸਹਿਕਾਰੀ ਸਭਾਵਾ ( ਹੁਣ ਗੈਰ ਹਾਜਰ) ਨੂੰ ਸਰਕਾਰੀ ਨੋਕਰੀ ਤੋ ਡਿਸਮਿਸ ਕੀਤਾ ਜਾਦਾ ਹੈ।

ਰਜਿਸਟਰਾਰ
ਸਹਿਕਾਰੀ ਸਭਾਵਾਂ, ਪੰਜਾਬ,
ਚੰਡੀਗੜ੍ਹ।
24 OCT 2019
3751
ਨੰਬਰ

ਕਲਪਨਾ ਮਿਤਲ ਬਰੁਆ
ਵਧੀਕ ਮੁੱਖ ਸਕੱਤਰ ਸਹਿਕਾਰਤਾ

ਪਿੱਠ ਅੰਕਣ ਨੰ. 70/102/16 ਸੀ-2(1)/ 8585 ਚੰਡੀਗੜ੍ਹ ਮਿਤੀ 23/10/19

ਇਸ ਦਾ ਇਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਦਾ ਹੈ:-

1. ਸਮੂਹ ਵਿਭਾਗਾ ਦੇ ਮੁੱਖੀ ਪੰਜਾਬ ਰਾਜ ਮਾਰਫਤ ਰਜਿਸਟਰਾਰ ਸਹਿਕਾਰੀ ਸਭਾਵਾ ਪੰਜਾਬ ਚੰਡੀਗੜ੍ਹ।
2. ਪੰਜਾਬ ਰਾਜ ਦੇ ਸਮੂਹ ਮੰਡਲਾਂ ਦੇ ਕਮਿਸਨਰ ਮਾਰਫਤ ਰਜਿਸਟਰਾਰ ਸਹਿਕਾਰੀ ਸਭਾਵਾ ਪੰਜਾਬ ਚੰਡੀਗੜ੍ਹ।
3. ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸਨਰਜ ਮਾਰਫਤ ਰਜਿਸਟਰਾਰ ਸਹਿਕਾਰੀ ਸਭਾਵਾ ਪੰਜਾਬ ਚੰਡੀਗੜ੍ਹ।
4. ਰਜਿਸਟਰਾਰ ਸਹਿਕਾਰੀ ਸਭਾਵਾ ਪੰਜਾਬ ਚੰਡੀਗੜ੍ਹ ਨੂੰ ਉਨਾ ਦੇ ਪੱਤਰ ਨੰ. ਅਮਲਾ-1/ਅਸ-4/ਐਲ-7/3528, ਮਿਤੀ 10.04.2019 ਦੇ ਹਵਾਲੇ ਵਿਚ ਭੇਜਕੇ ਲਿਖਿਆ ਜਾਦਾ ਹੈ ਕਿ ਆਪ ਦੇ ਦਫਤਰ ਵਿਚ ਤੈਨਾਤ ਨੋਡਲ ਅਫਸਰ ਰਾਹੀ ਇਸ ਨੂੰ ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸਨਰੀ ਵਿਭਾਗ, ਪੰਜਾਬ ਤੋ ਸਧਾਰਨ ਗਜਟ ਵਿਚ ਛਪਾ ਕੇ 15 ਕਾਪੀਆ ਇਸ ਵਿਭਾਗ ਨੂੰ ਭੇਜੀਆ ਜਾਣ।
5. ਸਕੱਤਰ ਪੰਜਾਬ ਲੋਕ ਸੇਵਾ ਕਮਿਸਨ ਪਟਿਆਲਾ ਨੂੰ ਉਨਾ ਦੇ ਆਪਣੇ ਪੱਤਰ ਨੰ. ਡਿਸ72/2019/ਅ-7/2894, ਮਿਤੀ 09.09.2019 ਦੇ ਹਵਾਲੇ ਵਿਚ।
6. ਸ੍ਰੀ ਲੋਕੇਸ ਭਾਰਦਵਾਜ ਨਰੀਖਕ ਸਹਿਕਾਰੀ ਸਭਾਵਾ( ਹੁਣ ਗੈਰ ਹਾਜਰ) ਮਾਰਫਤ ਰਜਿਸਟਰਾਰ ਸਹਿਕਾਰੀ ਸਭਾਵਾ, ਪੰਜਾਬ ਚੰਡੀਗੜ੍ਹ।

ਵਧੀਕ ਸਕੱਤਰ ਸਹਿਕਾਰਤਾ

ਪਿਛਲੇ ਪੰਨੇ ਤੋਂ---

ਪਿੱਠ ਅੰਕਣ ਨੰ:ਰਸਸ/ਅਮਲਾ-1/ਅਸ-4/ਐਲ-4/ 572 ਮਿਤੀ 27-11-2019

ਪੰਜਾਬ ਸਰਕਾਰ, ਸਹਿਕਾਰਤਾ ਵਿਭਾਗ, (ਸਹਿਕਾਰਤਾ-2 ਸ਼ਾਖਾ), ਚੰਡੀਗੜ੍ਹ ਵਲੋਂ ਆਪਣੇ ਪਿੱਠ ਅੰਕਣ ਨੰ:70/102/16/ਸੀ-2(1)/8585 ਮਿਤੀ 23.10.2019 ਰਾਹੀਂ ਜਾਰੀ ਕੀਤੀ ਨੋਟੀਫਿਕੇਸ਼ਨ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ) ਪੰਜਾਬ, ਚੰਡੀਗੜ੍ਹ।
2. ਮਾਨਯੋਗ ਵਧੀਕ ਸਕੱਤਰ, ਸਹਿਕਾਰਤਾ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਉਹਨਾਂ ਦੇ ਨੋਟੀਫਿਕੇਸ਼ਨ ਪਿੱਠ ਅੰਕਣ ਨੰ:70/102/16/ਸੀ-2(1)/8585 ਮਿਤੀ 23.10.2019 ਦੇ ਹਵਾਲੇ ਵਿੱਚ।
3. ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ।
4. ਰਾਜ ਦੇ ਸਮੂਹ ਮੰਡਲਾ ਦੇ ਕਮਿਸ਼ਨਰ।
5. ਰਾਜ ਦੇ ਸਮੂਹ ਡਿਪਟੀ ਕਮਿਸ਼ਨਰ।
6. ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ।
7. ਸਮੂਹ ਗਜਟਿਡ ਅਫਸਰ ਦਫਤਰ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ।
8. ਸਮੂਹ ਸੰਯੁਕਤ/ਉਪ/ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਖੇਤਰ ਵਿੱਚ।
9. ਉਪ ਕੰਟਰੋਲਰ (ਵਿੱਤ ਤੇ ਲੇਖਾ) ਇੰਚਾਰਜ ਲੇਖਾ ਸ਼ਾਖਾ, ਮੁੱਖ ਦਫਤਰ।
10. ਸੁਪਰਡੰਟ ਲੇਖਾ ਸ਼ਾਖਾ (ਨੋਡਲ ਅਫਸਰ) ਦਫਤਰ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸਨਰੀ ਵਿਭਾਗ, ਪੰਜਾਬ ਤੋਂ ਸਧਾਰਨ ਗਜਟ ਵਿੱਚ ਛਪਾ ਕੇ 15 ਕਾਪੀਆਂ ਸਰਕਾਰ ਨੂੰ ਭੇਜੀਆ ਜਾਣ।
11. ਸਮੂਹ ਸੁਪਰਡੰਟ, ਮੁੱਖ ਦਫਤਰ।
12. ਸ੍ਰੀ ਲੋਕੇਸ਼ ਭਾਰਦਵਾਜ, ਨਰੀਖਕ ਸਹਿਕਾਰੀ ਸਭਾਵਾਂ (ਹੁਣ ਡਿਸਮਿਸਡ) ਮਾਰਫਤ ਸੁਪਰਡੰਟ ਲੇਖਾ ਸ਼ਾਖਾ, ਦਫਤਰ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ।

ਅਮਲਾ ਅਫਸਰ